# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ  ਸਹਿ ਸੰਪਾਦਕ: ਨਵਜੋਤ ਬਿਲਿੰਗ  ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ  ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## 12ਵੀਂ ਵਰਲਡ ਪੰਜਾਬੀ ਕਾਨਫਰੰਸ ਦਾ ਧੂਮ ਧਾਮ ਨਾਲ ਹੋਇਆ ਆਗਾਜ਼

### ਪੰਜਾਬੀ ਸਾਹਿਤ ਅਤੇ ਭਾਸ਼ਾ ਬਾਰੇ ਹੋਏਗੀ ਗੰਭੀਰ ਚਰਚਾ

ਵਰਲਡ ਪੰਜਾਬੀ ਟਾਈਮਜ਼
ਹਰਦੇਵ ਚੌਹਾਨ



ਬਰੈਂਮਪਟਨ (ਕਨੇਡਾ), 19 ਜੁਲਾਈ : ਜਗਤ ਪੰਜਾਬੀ ਸਭਾ ਕੈਨੇਡਾ ਅਤੇ ਓਂਟਾਰੀਓ ਫਰੈਡਜ਼ ਕਲੱਬ ਵੱਲੋਂ 12ਵੀਂ ਵਰਲਡ ਪੰਜਾਬੀ ਕਾਨਫਰੰਸ ਦਾ ਆਗਾਜ਼ ਸਫਲਤਾ ਪੂਰਵਕ ਹੋਇਆ। ਕਾਨਫ਼ਰੰਸ ਦੀ ਸ਼ੁਰੂਆਤ 'ਓ ਕੈਨੇਡਾ' ਗਾਇਨ ਤੋਂ ਕੀਤੀ ਗਈ ਅਤੇ "ਦੇਹਿ ਸ਼ਿਵਾ ਬਰ ਮੋਹਿ ਇਹੈ" ਸ਼ਬਦ ਗਾਇਨ ਕੀਤਾ ਗਿਆ । ਸ਼ੁਰੂਆਤ ਵਿੱਚ ਸ. ਅਜੈਬ ਸਿੰਘ ਚੱਠਾ, ਚੇਅਰਮੈਨ ਜਗਤ ਪੰਜਾਬੀ ਸਭਾ ਨੇ ਆਏ ਹੋਏ ਸਾਰੇ ਮਹਿਮਾਨਾਂ ਨੂੰ ਜੀ ਆਇਆ ਆਖ ਕੇ ਸਾਰਿਆਂ ਦਾ ਸਵਾਗਤ ਕੀਤਾ। ਇਸ ਕਾਨਫਰੰਸ ਵਿੱਚ ਰਿਬਨ ਕੱਟਣ ਦੀ ਰਸਮ ਸੋਨੀਆ ਸਿੱਧੂ ਐਮ.ਪੀ ਨੇ ਕੀਤੀ ਅਤੇ ਸ਼ਮਾ ਰੋਸ਼ਨ ਕਰਨ ਦੀ ਰਸਮ ਮੈਟ ਮੋਹਨੀ ਡਿਪਟੀ ਮੇਅਰ, ਐਮ.ਪੀ. ਅਮਨਦੀਪ ਸੋਢੀ, ਅਮਨ ਸੰਧੂ ਆਦਿ ਨੇ ਕੀਤੀ। ਬਲਵਿੰਦਰ ਸਿੰਘ ਚੱਠਾ ਯੂ.ਐਸ.ਏ ਵੱਲੋਂ ਵੀ ਇਸ ਕਾਨਫਰੰਸ ਵਿੱਚ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਗਈ।

ਪਹਿਲੇ ਸੈਸ਼ਨ ਦਾ ਮੰਚ ਸੰਚਾਲਨ ਸਰਦੂਲ ਸਿੰਘ ਥਿਆੜਾ ਵਲੋਂ ਕੀਤਾ ਗਿਆ। ਬੀਬੀ ਹਰਜਿੰਦਰ ਕੌਰ ਮੈਂਬਰ ਇੰਚਾਰਜ ਐਜੂਕੇਸ਼ਨ, ਪ੍ਰੈਜ਼ੀਡੈਂਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ਼ਮਾ ਰੋਸ਼ਨ ਕਰਨ ਦੀ ਰਸਮ ਨਿਭਾਈ ਅਤੇ ਜਗਤ ਪੰਜਾਬੀ ਸਭਾ ਦੀ ਸਾਰੀ ਟੀਮ ਨੂੰ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ। ਡਾ. ਕਸ਼ਮੀਰ ਸਿੰਘ ਡਿਪਟੀ ਡਾਇਰੈਕਟਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ, ਨੇ ਵੀ ਇਸ ਕਾਨਫਰੰਸ ਵਿੱਚ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ।




ਇਸ ਸੈਸ਼ਨ ਦੇ ਅੰਤ ਵਿੱਚ ਤਰਲੋਚਨ ਸਿੰਘ ਅਟਵਾਲ, ਪ੍ਰਧਾਨ ਵਰਲਡ ਪੰਜਾਬੀ ਕਾਨਫਰੰਸ ਨੇ ਕੀਤਾ। ਇਸ ਉਪਰੰਤ ਪਹਿਲਾਂ ਹੋਈਆਂ 11 ਵਰਲਡ ਪੰਜਾਬੀ ਕਾਨਫਰੰਸਾਂ ਦੀ ਡਾਕੂਮੈਂਟਰੀ ਦਿਖਾਈ ਗਈ ।

ਅਕਾਦਮਿਕ ਸੈਸ਼ਨ ਦੌਰਾਨ ਭਾਸ਼ਾ ਵਿਗਿਆਨੀ ਡਾ. ਜੋਗਾ ਸਿੰਘ ਨੇ ਆਪਣੇ ਵਡਮੁੱਲੇ ਵਿਚਾਰ ਸਾਂਝੇ ਕੀਤੇ। ਸਟੇਜ ਸੈਕਟਰੀ ਦੀ ਭੂਮਿਕਾ ਡਾ. ਰਮਨੀ ਬਤਰਾ ਨੇ ਨਿਭਾਈ। ਇਸ ਸੈਸ਼ਨ ਦੀ ਪ੍ਰਧਾਨਗੀ ਪ੍ਰੋਫੈਸਰ ਦਵਿੰਦਰ ਸਿੰਘ ਸਿੱਧੂ ਵਾਈਸ ਚਾਂਸਲਰ ਚੰਡੀਗੜ੍ਹ ਯੂਨੀਵਰਸਿਟੀ ਤੇ ਉਹਨਾਂ ਦੇ ਨਾਲ ਡਾਕਟਰ ਸੁਰਜੀਤ ਸਿੰਘ ਭੱਟੀ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਕੀਤੀ।

ਕਵੀ ਦਰਬਾਰ ਵਿੱਚ ਸਟੇਜ ਸੈਕਟਰੀ ਦੀ ਭੂਮਿਕਾ ਹਲੀਮਾ ਸਾਦੀਆ ਨੇ ਨਿਭਾਈ। ਕਵੀ ਦਰਬਾਰ ਵਿੱਚ ਇੰਜ. ਜਸਪਾਲ ਸਿੰਘ ਦੇਸੂਵੀ,ਪਿਆਰਾ ਸਿੰਘ ਕੁੱਦੋਵਾਲ, ਮਹਿੰਦਰ ਪ੍ਰਤਾਪ, ਹਰਦਿਆਲ ਸਿੰਘ ਝੀਤਾ ਅਤੇ ਹੋਰ ਬਹੁਤ ਸਾਰੇ ਵਿਦਵਾਨ ਕਵੀਆਂ ਨੇ ਆਪੋ ਆਪਣੀਆਂ ਰਚਨਾਵਾਂ ਦਰਸ਼ਕਾਂ ਦੇ ਰੂਬਰੂ ਕੀਤੀਆਂ। ਕੈਨੇਡਾ ਦੇ ਪ੍ਰਧਾਨ ਮੰਤਰੀ ਆਨਰੇਬਲ ਕਾਰਨੀ ਦੁਆਰਾ ਜਗਤ ਪੰਜਾਬੀ ਸਭਾ ਦੀ ਟੀਮ ਲਈ ਮੈਸੇਜ ਭੇਜਿਆ ਗਿਆ ਜਿਸ ਨੂੰ ਕਾਨਫਰੰਸ ਦੌਰਾਨ ਨੌਜਵਾਨ ਅਜਮੀਤ ਸਿੰਘ ਚੱਠਾ ਵੱਲੋਂ ਪੜ੍ਹ ਕੇ ਸੁਣਾਇਆ ਗਿਆ। ਕਾਨਫਰੰਸ ਦੌਰਾਨ ਬਰੈਂਮਪਟਨ ਦੇ ਮੇਅਰ ਪੈਟ੍ਰਿਕ ਬਰਾਨ ਅਤੇ ਪਾਲ ਵਨੈਤੀ ਸਿਟੀ ਕੌਂਸਲਰ ਨੇ ਸ਼ਿਰਕਤ ਕੀਤੀ ਅਤੇ ਜਗਤ ਪੰਜਾਬੀ ਸਭਾ ਦੀ ਸਾਰੀ ਟੀਮ ਨੂੰ ਆਪਣੀਆਂ ਸ਼ੁਭਕਾਮਨਾਵਾਂ ਅਤੇ ਸਰਟੀਫਿਕੇਟ ਵੀ ਦਿੱਤੇ ।

## ਲਾਲਾ ਲਾਜਪਤ ਰਾਏ ਪਾਰਕ ਕੋਟਕਪੂਰਾ ਦੀਆਂ ਸਮੱਸਿਆਵਾਂ ਨੂੰ ਲੈ ਕੇ ਵਫ਼ਦ ਕਾਰਜ ਸਾਧਕ ਅਫਸਰ ਨੂੰ ਮਿਲਿਆ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 19 ਜੁਲਾਈ : ਮਨੁੱਖਤਾ ਦੀ ਭਲਾਈ ਵਾਲੇ ਸੇਵਾ ਕਾਰਜਾਂ ਵਿੱਚ ਲਗਾਤਾਰ ਯਤਨਸ਼ੀਲ ਰਹਿਣ ਕਰਕੇ ਵਿਸ਼ਵ ਪ੍ਰਸਿੱਧ ਬਣੀ ਸੰਸਥਾ ਗੁੱਡ ਮੌਰਨਿੰਗ ਵੈਲਫੇਅਰ ਕਲੱਬ ਨੇ ਸਥਾਨਕ ਲਾਲਾ ਲਾਜਪਤ ਰਾਏ ਮਿਉਸਪਲ ਪਾਰਕ ਦੀ ਸਾਂਭ ਸੰਭਾਲ ਲਈ ਨਗਰ ਕੋਂਸਲ ਕੋਟਕਪੂਰਾ ਤੋਂ ਸਹਿਯੋਗ ਦੀ ਮੰਗ ਕੀਤੀ ਹੈ। ਕਲੱਬ ਦੇ ਮੁੱਖ ਸਰਪ੍ਰਸਤ ਤੇ ਸੰਸਥਾਪਕ ਗੁਰਿੰਦਰ ਸਿੰਘ ਮਹਿੰਦੀਰੱਤਾ ਅਤੇ ਜਨਰਲ ਸਕੱਤਰ ਪ੍ਰੋ ਐਚ.ਐਸ. ਪਦਮ ਦੀ ਅਗਵਾਈ ਵਾਲੇ ਵਫਦ ਨੇ ਸ੍ਰੀ ਅੰਮ੍ਰਿਤ ਲਾਲ ਕਾਰਜ ਸਾਧਕ ਅਫਸਰ ਨਗਰ ਕੋਂਸਲ ਕੋਟਕਪੂਰਾ ਨੂੰ ਲਿਖਤੀ ਮੰਗ ਪੱਤਰ ਸੌਂਪਦਿਆਂ ਪਾਰਕ ਦੀ ਸਾਂਭ ਸੰਭਾਲ ਅਤੇ ਹੋਰ ਸਮੱਸਿਆਵਾਂ ਸਬੰਧੀ ਜਾਣੂ ਕਰਵਾਇਆ। ਵਫਦ ਨੇ ਸੈਰ ਕਰਨ ਵਾਲੇ ਵਾਤਾਵਰਣ ਪ੍ਰੇਮੀਆਂ ਅਤੇ ਸਿਹਤ ਤੰਦਰੁਸਤੀ ਲਈ ਸੁਚੇਤ ਰਹਿਣ ਵਾਲਿਆਂ ਦੀ ਸੁਰੱਖਿਆ ਲਈ ਦੱਸਿਆ ਕਿ ਪਾਰਕ ਵਿੱਚ ਬਹੁਤ ਸਾਰੇ ਦਰੱਖਤ ਬਿਲਕੁਲ ਸੁੱਕ ਚੁੱਕੇ



ਹਨ, ਜੋ ਤੇਜ ਹਨੇਰੀ ਜਾਂ ਝੱਖੜ ਮੌਕੇ ਕਿਸੇ ਸੈਰ ਕਰਨ ਵਾਲੇ ਵਾਸਤੇ ਪ੍ਰੇਸ਼ਾਨੀ ਦਾ ਸਬੱਬ ਬਣ ਸਕਦੇ ਹਨ। ਇਸ ਲਈ ਉਕਤ ਸੁੱਕੇ ਦਰੱਖਤ ਕੱਟਣ ਲਈ ਜੰਗਲਾਤ ਵਿਭਾਗ ਨੂੰ ਲਿਖਤੀ ਰੂਪ ਵਿੱਚ ਸੂਚਿਤ ਕੀਤਾ ਜਾਵੇ। ਰਜਿੰਦਰ ਕੁਮਾਰ ਰਾਜਾ ਠੇਕੇਦਾਰ ਅਤੇ ਮਾ ਸੋਮਨਾਥ ਅਰੋੜਾ ਨੇ ਦੱਸਿਆ ਕਿ ਪਾਰਕ ਵਿੱਚ ਸਾਫ ਸਫਾਈ ਲਈ ਕਲੱਬ ਨੂੰ ਪਿਛਲੇ ਕਰੀਬ ਚਾਰ ਸਾਲਾਂ ਤੋਂ ਖੁਦ ਖਰਚਾ ਕਰਕੇ ਸਫਾਈ ਸੇਵਕ ਅਤੇ ਮਾਲੀ ਰੱਖਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਇਸ ਲਈ ਦੋ ਸਫਾਈ ਸੇਵਕ, ਇਕ ਮਾਲੀ ਅਤੇ ਇਕ ਚੋਂਕੀਦਾਰ ਮੁਹੱਈਆ ਕਰਵਾਇਆ ਜਾਵੇ, ਤਾਂ ਜੋ ਪਾਰਕ ਦੇ ਕੀਮਤੀ ਸਮਾਨ ਦੀ ਹੁੰਦੀ ਚੋਰੀ ਦੀਆਂ ਘਟਨਾਵਾਂ ਰੋਕੀਆਂ ਜਾ ਸਕਣ। ਉਹਨਾ ਦੱਸਿਆ ਕਿ ਕਲੱਬ ਵੱਲੋਂ ਪਿਛਲੇ ਕਰੀਬ 10 ਸਾਲਾਂ ਤੋਂ ਪਾਰਕ ਦੀ ਸੁੰਦਰਤਾ ਵਿੱਚ ਵਾਧਾ ਕਰਨ ਅਤੇ ਸਾਂਭ ਸੰਭਾਲ ਲਈ ਲੱਖਾਂ ਰੁਪਿਆ ਖਰਚਿਆ ਜਾ ਚੁੱਕਾ ਹੈ। ਜਿਵੇਂ ਕਿ ਪਾਰਕ ਵਿੱਚ ਸੀਸੀਟੀਵੀ ਕੈਮਰੇ, ਮਰਦ-ਔਰਤਾਂ ਲਈ ਵੱਖੋ ਵੱਖਰੇ ਓਪਨ ਜਿੰਮ, ਸ਼ਾਨਦਾਰ ਫੁੱਲ-ਬੂਟੇ, ਆਕ੍ਰਸ਼ਿਕ ਸੈਲਫੀ ਪੁਆਂਇੰਟ, ਮੀਂਹ ਦੇ ਪਾਣੀ ਨੂੰ ਸਾਫ ਕਰਕੇ ਧਰਤੀ ਵਿੱਚ ਜਜਬ ਕਰਨ ਲਈ ਰੇਨ ਹਾਰਵੈਸਟਰ, ਤਿੰਨ ਆਧੁਨਿਕ ਕਿਸਮ ਦੇ ਸ਼ਾਨਦਾਰ ਸ਼ੈਂਡ, ਦਰਜਨਾ ਸ਼ਾਨਦਾਰ ਸੀਟਾਂ (ਥੜੀਆਂ) ਆਦਿਕ ਸੈਰ ਕਰਨ ਵਾਲੇ ਲੋਕਾਂ ਲਈ ਸਹੂਲਤ ਮੁਹੱਈਆ ਕਰਵਾਉਣ ਵਿੱਚ ਗੁੱਡ ਮੌਰਨਿੰਗ ਵੈਲਫੇਅਰ ਕਲੱਬ ਦਾ ਵੱਡਮੁੱਲਾ ਯੋਗਦਾਨ ਹੈ। ਨਗਰ ਕੋਂਸਲ ਦੇ ਸੀਨੀਅਰ ਮੀਤ ਪ੍ਰਧਾਨ ਸੁਪ. ਸੁਖਜਿੰਦਰ ਸਿੰਘ ਤੱਖੀ ਨੇ ਵੀ ਕਲੱਬ ਦੇ ਵਫਦ ਦੀਆਂ ਗੱਲਾਂ, ਪ੍ਰਾਪਤੀਆਂ ਅਤੇ ਮੰਗਾਂ ਨਾਲ ਸਹਿਮਤੀ ਪ੍ਰਗਟਾਈ। ਕਾਰਜ ਸਾਧਕ ਅਫਸਰ ਅੰਮ੍ਰਿਤ ਲਾਲ ਨੇ ਵਿਸ਼ਵਾਸ਼ ਦਿਵਾਇਆ ਕਿ ਕਲੱਬ ਦੀ ਉਕਤ ਸਮੱਸਿਆ ਕੁਝ ਦਿਨਾ ਦੇ ਅੰਦਰ ਅੰਦਰ ਹੀ ਦੂਰ ਕਰ ਦਿੱਤੀ ਜਾਵੇਗੀ।

## ਸਰਕਾਰੀ ਹਾਈ ਸਕੂਲ ਢਿੱਲਵਾਂ ਕਲਾਂ ਵਿਖੇ 'ਰੁੱਖ ਮਿੱਤਰ' ਮੁਹਿੰਮ ਤਹਿਤ ਲਗਾਏ ਗਏ ਪੌਦੇ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 19 ਜੁਲਾਈ : ਵਾਤਾਵਰਣ ਦੀ ਸੰਭਾਲ ਅਤੇ ਹਰਿਆਵਲ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਸ਼ਹੀਦ ਗੁਰਪ੍ਰੀਤ ਸਿੰਘ ਪੀ.ਐਮ.ਸ਼੍ਰੀ ਸਰਕਾਰੀ ਹਾਈ ਸਕੂਲ, ਢਿੱਲਵਾਂ ਕਲਾਂ ਵਿਖੇ ਪੰਜਾਬ ਪੁਲਿਸ ਦੇ ਸਾਂਝ ਕੇਂਦਰ ਅਤੇ ਸਟੂਡੈਂਟ ਪੁਲਿਸ ਕੈਡੇਟ (ਐੱਸ.ਪੀ.ਸੀ.) ਦੇ ਸਾਂਝੇ ਉਪਰਾਲੇ ਸਦਕਾ 'ਰੁੱਖ ਮਿੱਤਰ' ਮੁਹਿੰਮ ਤਹਿਤ ਸਕੂਲ ਕੰਪਲੈਕਸ ਵਿੱਚ ਵੱਖ-ਵੱਖ ਕਿਸਮ ਦੇ ਪੌਦੇ ਲਗਾਏ ਗਏ। ਵਇਸ ਮੌਕੇ ਸਬ-ਡਵੀਜ਼ਨ ਸਾਂਝ ਕੇਂਦਰ ਕੋਟਕਪੂਰਾ ਦੇ ਸਬਇੰਸਪੈਕਟਰ ਜਗਸੀਰ ਸਿੰਘ ਸੰਧੂ,




ਜਸਬੀਰ ਸਿੰਘ ਜੱਸੀ ਜ਼ਿਲ੍ਹਾ ਗਾਈਡੈਂਸ ਕੌਂਸਲਰ, ਸਕੂਲ ਦੇ ਨੋਡਲ ਇੰਚਾਰਜ ਰੁਪਿੰਦਰ ਸਿੰਘ ਅਤੇ ਸਕੂਲ ਦੇ ਮੁੱਖ ਅਧਿਆਪਕ ਬਲਵਿੰਦਰ ਸਿੰਘ ਨੇ ਸਮੂਹ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦਿਨੋ ਦਿਨ ਵੱਧ ਰਹੇ ਪ੍ਰਦੂਸ਼ਣ ਕਾਰਨ ਰੁੱਖਾਂ ਦਾ ਬਹੁਤ ਜਿਆਦਾ ਮਹੱਤਵ ਹੈ। 'ਇੱਕ ਰੁੱਖ ਅੱਜ, ਬਿਹਤਰ ਕੱਲ੍ਹ ਲਈ' ਦੇ ਨਾਅਰੇ ਨੂੰ ਸਾਰਿਆਂ ਨੂੰ ਆਪਣੇ ਜੀਵਨ ਵਿੱਚ ਅਪਣਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਬਰਸਾਤ ਦੇ ਮੌਸਮ ਵਿੱਚ ਵੱਧ ਤੋਂ ਵੱਧ ਪੌਦੇ ਲਗਾ ਕੇ ਉਨ੍ਹਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਾਫ਼ ਸੁਥਰਾ ਵਾਤਾਵਰਣ ਮਿਲ ਸਕੇ। ਇਸ ਦੌਰਾਨ ਐਸ.ਪੀ.ਸੀ. ਦੇ ਵਿਦਿਆਰਥੀਆਂ ਨੇ ਵਰਦੀਆਂ ਪਾ ਕੇ ਬਹੁਤ ਹੀ ਉਤਸ਼ਾਹ ਨਾਲ ਪੌਦੇ ਲਗਾਉਣ ਦੀ ਸੇਵਾ ਨਿਭਾਈ ਅਤੇ ਪੌਦਿਆਂ ਦੀ ਦੇਖ ਭਾਲ ਕਰਨ ਦਾ ਪ੍ਰਣ ਲਿਆ। ਸਕੂਲ ਦੇ ਮੁੱਖ ਅਧਿਆਪਕ ਬਲਵਿੰਦਰ ਸਿੰਘ ਨੇ ਆਏ ਹੋਏ ਪੁਲਿਸ ਅਧਿਕਾਰੀਆਂ ਅਤੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਉਕਤ ਉਪਰਾਲੇ ਨੂੰ ਇੱਕ ਸ਼ਲਾਘਾਯੋਗ ਕਦਮ ਦਸਿਆ। ਇਸ ਮੌਕੇ ਸਕੂਲ ਦਾ ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

## ਪੰਜਾਬ ਡੀ.ਐਸ.ਟੀ.ਸੀ.ਟੀ.ਐਸ. ਕੰਟਰੈਕਟ ਇੰਸਟਰਕਟਰ ਯੂਨੀਅਨ ਦੇ ਅਹੁਦੇਦਾਰਾਂ ਨੇ ਕੀਤੀ ਮੀਟਿੰਗ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 19 ਜੁਲਾਈ : ਅੱਜ ਆਲ ਪੰਜਾਬ ਡੀ.ਐਸ.ਟੀ.ਸੀ.ਟੀ.ਐਸ. ਕੰਟਰੈਕਟ ਇੰਸਟਰਕਟਰ ਯੂਨੀਅਨ ਦੇ ਅਹੁਦੇਦਾਰਾਂ ਦੀ ਅਹਿਮ ਮੀਟਿੰਗ ਹੋਈ। ਮੀਟਿੰਗ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਯੂਨੀਅਨ ਦੇ ਨੁਮਾਇੰਦਿਆਂ ਨੇ ਦੱਸਿਆ ਕਿ ਅਸੀਂ ਪੰਜਾਬ ਦੀਆਂ ਸਰਕਾਰੀ ਆਈ.ਟੀ.ਆਈ. ਵਿੱਚ ਬਹੁਤ ਹੀ ਲੰਮੇ ਸਮੇਂ ਤੋਂ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਾਂ। ਸਾਡੀ ਭਰਤੀ ਪੂਰੇ ਪਾਰਦਰਸ਼ੀ ਤਰੀਕੇ ਨਾਲ ਹੋਈ ਹੈ ਅਤੇ ਅਸੀਂ ਆਪਣੀਆਂ ਇਸ ਪੋਸਟ ਸਬੰਧੀ ਯੋਗਤਾਵਾਂ ਵੀ ਪੂਰੀਆਂ ਕਰਦੇ ਹਾਂ, ਬਹੁਤ ਹੀ ਲੰਮੇ ਸਮੇਂ ਤੋਂ ਲਗਾਤਾਰ ਸੰਘਰਸ਼ ਤੋਂ ਬਾਅਦ ਬਹੁਤ ਵਾਰ ਮੁੱਖ ਮੰਤਰੀ ਭਗਵੰਤ ਮਾਨ ਤਕਨੀਕੀ ਸਿੱਖਿਆ ਮੰਤਰੀ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਜੀ ਨਾਲ ਮੀਟਿੰਗਾਂ ਕੀਤੀਆਂ ਗਈਆਂ, ਜਿਸ ਵਿੱਚ ਉਹਨਾਂ ਸਾਡੀਆਂ ਜਾਇਜ ਮੰਗਾਂ ਜਿਵੇਂ ਕਿ 58 ਸਾਲ ਤੱਕ ਸੇਵਾ ਸੁਰੱਖਿਆ ਦੇ ਕੇ ਵਿਭਾਗ ਅਧੀਨ ਕਰਕੇ ਤਨਖਾਹਾਂ ਵਿੱਚ ਵਾਧਾ ਕਰਨ ਉੱਪਰ ਵਿਸ਼ਵਾਸ ਦਵਾਇਆ ਕਿ ਬਹੁਤ ਜਲਦ ਹੀ ਤੁਹਾਨੂੰ ਵਿਭਾਗ ਅਧੀਨ ਲੈ ਕੇ ਤੁਹਾਡੀਆਂ ਤਨਖਾਹਾਂ ਵਿੱਚ ਵਾਧਾ ਕਰ ਦਿੱਤਾ ਜਾਵੇਗਾ ਪਰ ਹੁਣ ਸਰਕਾਰ ਆਪਣੇ ਵਾਅਦਿਆਂ ਤੋਂ ਭੱਜਦੀ ਨਜ਼ਰ ਆ ਰਹੀ ਹੈ, ਕਿਉਂਕਿ ਹੁਣ ਪੰਜਾਬ ਸਰਕਾਰ ਨੇ ਅਧੀਨ ਸੇਵਾਵਾਂ ਚੋਣ ਬੋਰਡ ਪੰਜਾਬ ਵੱਲੋਂ ਆਈ.ਟੀ.ਆਈ. ਵਿੱਚ ਕਰਾਫਟ ਇੰਸਟਰਕਟਰਾਂ ਦੀਆਂ 681 ਪੋਸਟਾਂ ਦੀ ਭਰਤੀ ਲਈ ਨਵਾਂ ਭਰਤੀ ਨੋਟੀਫਿਕੇਸ਼ਨ 03 ਆਫ 2026 ਜਾਰੀ ਕਰ ਦਿੱਤਾ ਹੈ ਅਤੇ ਪਹਿਲਾਂ ਲੱਗੇ ਇੰਸਟਰਕਟਰ ਜੋ ਯੋਗਤਾਵਾਂ ਪੂਰੀਆਂ ਕਰਦੇ ਹਨ ਲੱਗੇ ਹੋਏ ਓਵਰਏਜ ਵੀ ਹੋ ਚੁੱਕੇ ਹਨ। ਉਹਨਾਂ ਦੇ ਉੱਪਰ ਬੇਰੁਜ਼ਗਾਰੀ




ਦੀ ਦੁਬਾਰਾ ਤਲਵਾਰ ਲਟਕਾ ਦਿੱਤੀ ਹੈ ਅਤੇ ਉਹਨਾਂ ਨੂੰ ਘਰ ਤੋਰ ਕੇ ਓਹਨਾ ਦੇ ਪਰਿਵਾਰ ਦੇ ਮੂਹੋ ਰੋਟੀ ਖੋਹਣ ਦੀ ਤਿਆਰੀ ਕਰ ਲਈ ਹੈ। ਇਸ ਇਸ ਤੋਂ ਇਸ ਤਰਾਂ ਜਾਪਦਾ ਹੈ ਕਿ ਜਦੋਂ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਤੋਂ ਪਹਿਲਾਂ ਜਾਂ ਆਉਣ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੁਆਰਾ ਜੋ ਕੱਚੇ ਮੁਲਾਜ਼ਮਾਂ ਨੂੰ ਲੈ ਕੇ ਸਟੇਜਾਂ ਉੱਪਰ ਵੱਡੇ ਵੱਡੇ ਵਾਅਦੇ ਕੀਤੇ ਗਏ ਸਨ, ਭਾਸ਼ਣ ਦਿੱਤੇ ਗਏ ਸਨ ਕਿ ਕਿਸੇ ਵੀ ਕੱਚੇ ਇੰਸਟਰਕਟਰ ਨੂੰ ਨਹੀਂ ਕੱਢਿਆ ਜਾਵੇਗਾ ਅਤੇ ਨਾ ਹੀ ਉਹਨਾਂ ਦਾ ਰੁਜ਼ਗਾਰ ਖੋਹਿਆ ਜਾਵੇਗਾ ਇੱਥੇ ਰੁਜਗਾਰ ਖੋਹਣ ਦੇ ਨਾਲ ਨਾਲ ਉਹਨਾਂ ਦੇ ਭਵਿੱਖ ਰੁਲਣ ਦੀ ਵੀ ਤਿਆਰੀ ਕਰ ਲਈ ਹੈ ਅਤੇ ਮਾਨ ਸਾਹਿਬ ਦੁਆਰਾ ਕੀਤੇ ਵਾਅਦੇ ਹੀ ਹੁਣ ਖੋਖਲੇ ਜਾਪਦੇ ਹਨ। ਇਸ ਤੋਂ ਤੰਗ ਆ ਕੇ ਯੂਨੀਅਨ ਵੱਲੋਂ ਸਰਕਾਰ ਨੂੰ ਇਹ ਚੁਨੌਤੀ ਦਿੰਦਿਆਂ ਕਿਹਾ ਗਿਆ ਹੈ। ਜੇਕਰ ਇਸ ਭਾਰਤੀ ਤੋਂ ਪਹਿਲਾਂ ਕੁਝ ਹੀ ਦਿਨਾਂ ਵਿੱਚ ਸਾਡੇ ਨਾਲ ਕੀਤੇ ਵਾਅਦੇ ਅਨੁਸਾਰ ਸਾਡੀਆਂ ਜਾਇਜ਼ ਮੰਗਾਂ ਨੂੰ ਪੂਰਾ ਨਾ ਕਰਦੇ ਹੋਏ ਸਾਨੂੰ ਵਿਭਾਗ ਅਧੀਨ ਜਾਂ ਕਿਸੇ ਪੋਲਸੀ ਵਿੱਚ ਨਾ ਪਾਇਆ ਗਿਆ ਅਤੇ ਸਾਡੇ ਸਬੰਧ ਵਿੱਚ ਕੋਈ ਪੋਲਸੀ ਦੇ ਨੋਟੀਫਿਕੇਸ਼ਨ ਜਾਰੀ ਨਾ ਕੀਤਾ ਗਿਆ ਤਾ ਆਉਣ ਵਾਲੀ 25 ਜੁਲਾਈ ਨੂੰ ਸੰਗਰੂਰ ਵਿਖੇ ਅਣਮਿਥੇ ਸਮੇਂ ਲਈ ਧਰਨਾ ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਵਿੱਚ ਅਗਰ ਕਿਸੇ ਪ੍ਰਕਾਰ ਦਾ ਕੋਈ ਨੁਕਸਾਨ ਹੁੰਦਾ ਹੈ ਤਾਂ ਇਸਦੀ ਸਾਰੀ ਜਿੰਮੇਵਾਰੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤਕਨੀਕੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਤਕਨੀਕੀ ਸਿੱਖਿਆ ਵਿਭਾਗ ਦੀ ਹੋਵੇਗੀ। ਇਸ ਸਮੇਂ ਯੂਨੀਅਨ ਦੇ ਪ੍ਰਧਾਨ ਕਿਰਨਦੀਪ ਸਿੰਘ ਰੁਪਾਣਾ, ਵਾਈਸ ਪ੍ਰਧਾਨ ਸਿਮਰਨਜੀਤ ਸਿੰਘ, ਪ੍ਰਦੀਪ ਸਿੰਘ, ਹਰਪ੍ਰੀਤ ਸਿੰਘ, ਸੁਖਬੀਰ ਸਿੰਘ, ਗੁਰਜੀਤ ਸਿੰਘ, ਸਵਰਨ ਸਿੰਘ ਸ਼ਮਸ਼ੇਰ ਸਿੰਘ, ਮਨਪ੍ਰੀਤ ਸਿੰਘ, ਰਣਜੀਤ ਸਿੰਘ ਆਦਿ ਵੀ ਹਾਜ਼ਰ ਸਨ।

## ਮੇਰੀ ਕਵਿਤਾ: "ਮੈਂ ਅੱਜ ਰੋਵਾਂ"

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਮੈਂ ਅੱਜ ਰੋਵਾਂ ਤੇ ਦੁਹਾਈ ਦੇਵਾਂ
ਕਿਸੇ ਨੂੰ ਕੋਈ ਪਿਆਰ ਨਾ ਕਰੇ।
ਮੈਨੂੰ ਮਿਲਿਆ ਸੱਜਣ ਹਰਜਾਈ
ਕਿਸੇ ਨੂੰ ਕੋਈ ਪਿਆਰ ਨਾ ਕਰੇ।

ਉਚੇ ਜਿਹੇ ਕੱਦ ਤੇ ਮੈਂ ਡੁੱਲ ਗਿਆ।
ਉਹਦੇ ਨੈਣਾਂ ਦੀ ਖੁਮਾਰੀ ਤੇ ਘੁੱਲ ਗਿਆ।
ਉਹਦੇ ਲਾਰਿਆਂ ਤੇ ਉਮਰ ਲੰਘਾਈ।

ਮੈਂ ਤੇ ਉਮੀਦਾਂ ਵਾਲੀ ਡੋਰ ਉਸ ਨੇ ਤੋੜੀ
ਰੁਖ ਬਰਬਾਦੀ ਵੱਲ ਸਾਡੀ ਉਸ ਮੋੜੀ
ਮੈਨੂੰ ਛੱਡ ਗਿਆ ਸ਼ੁਦਾਈ।

ਉਮਰਾਂ ਦੇ ਰਾਹੀਂ ਨੇ ਵੀਰਾਨੀਆਂ ਉਦਾਸੀਆਂ
ਹਰ ਵਕਤ ਉਸ ਦੇ ਦੀਦ
ਦੀਆਂ ਅੱਖੀਆਂ ਪਿਆਸੀਆਂ
ਮੇਰੇ ਪੱਲੇ ਪਾਈ ਉਹਨੇ ਤਨਹਾਈ।

ਉਡੀਕਾਂ ਹੀ ਉਡੀਕਾਂ ਵਿਚ ਮੇਰੀ ਜਿੰਦ ਮੁਕ ਜਾਣੀ
ਆਖ਼ਰੀ ਸਾਹਾਂ ਨੇ ਦੁਆਰ ਮੇਰੀ ਮੱਲੀ
ਦੇ ਜਾ ਤੂੰ ਸਾਰੰਗ ਨੂੰ ਵਿਦਾਈ ਆਖ਼ਰੀ
ਕੋਈ ਕਿਸੇ ਨੂੰ ਪਿਆਰ ਨਾ ਕਰੇ।

## ਗੁਰੂ ਰਵਿਦਾਸ: ਬੇਗਮਪੁਰੇ ਦਾ ਸੁਪਨਾ ਜਾਂ ਮਨੁੱਖ ਦੇ ਅੰਦਰ ਦੀ ਕ੍ਰਾਂਤੀ?



ਵਰਲਡ ਪੰਜਾਬੀ ਟਾਈਮਜ਼
ਪਰਮਜੀਤ ਸਿੰਘ ਦੁਸਾਂਝ

ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 650ਵਾਂ ਪ੍ਰਕਾਸ਼ ਪੁਰਬ ਸਿਰਫ਼ ਇੱਕ ਧਾਰਮਿਕ ਤਿਉਹਾਰ ਨਹੀਂ, ਸਗੋਂ ਆਪਣੇ ਆਪ ਨੂੰ ਪਰਖਣ ਦਾ ਮੌਕਾ ਹੈ। ਅੱਜ ਪੰਜਾਬ ਸਰਕਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਯੂਨੀਵਰਸਿਟੀਆਂ, ਸਮਾਜਿਕ ਜਥੇਬੰਦੀਆਂ, ਸੰਤ ਸਮਾਜ ਅਤੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਵੱਲੋਂ ਵੱਡੇ ਪੱਧਰ ‘ਤੇ ਸਮਾਗਮ ਕਰਵਾਏ ਜਾ ਰਹੇ ਹਨ। ਨਗਰ ਕੀਰਤਨ ਸਜ ਰਹੇ ਹਨ, ਸੈਮੀਨਾਰ ਹੋ ਰਹੇ ਹਨ, ਗੁਰੂ ਸਾਹਿਬ ਦੀ ਬਾਣੀ ਉੱਤੇ ਵਿਚਾਰ ਹੋ ਰਹੇ ਹਨ। ਇਹ ਸਭ ਸ਼ਲਾਘਾਯੋਗ ਹੈ। ਪਰ ਇੱਕ ਸਵਾਲ ਅਜੇ ਵੀ ਸਾਡੇ ਸਾਹਮਣੇ ਖੜ੍ਹਾ ਹੈ—ਕੀ ਅਸੀਂ ਗੁਰੂ ਰਵਿਦਾਸ ਜੀ ਨੂੰ ਮਨਾ ਰਹੇ ਹਾਂ ਜਾਂ ਗੁਰੂ ਰਵਿਦਾਸ ਜੀ ਨੂੰ ਸਮਝ ਵੀ ਰਹੇ ਹਾਂ?

ਦੁਆਬੇ ਵਿੱਚ ਇੱਕ ਗੱਲ ਆਖਦੇ ਨੇ—”ਬੰਦਾ ਮੇਲੇ ‘ਚ ਤਾਂ ਜਾ ਆਉਂਦਾ ਏ, ਪਰ ਆਪਣੇ ਅੰਦਰ ਨਹੀਂ ਜਾਂਦਾ।” ਅਸਲ ਵਿੱਚ ਗੁਰੂ ਰਵਿਦਾਸ ਜੀ ਦਾ ਸਾਰਾ ਜੀਵਨ ਮਨੁੱਖ ਨੂੰ ਆਪਣੇ ਅੰਦਰ ਉਤਰਨਾ ਸਿਖਾਉਂਦਾ ਹੈ। ਉਹਨਾਂ ਦੀ ਬਾਣੀ ਕਿਸੇ ਇੱਕ ਜਾਤ, ਪੰਥ ਜਾਂ ਸਮਾਜ ਦੀ ਨਹੀਂ, ਸਗੋਂ ਪੂਰੀ ਮਨੁੱਖਤਾ ਦੀ ਆਵਾਜ਼ ਹੈ। ਇਸੇ ਲਈ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਉਹਨਾਂ ਦੇ ਚਾਲੀ ਸ਼ਬਦ ਅੱਜ ਵੀ ਉਨ੍ਹਾਂ ਹੀ ਤਾਜ਼ਗੀ ਨਾਲ ਮਨੁੱਖ ਨੂੰ ਝੰਜੋੜਦੇ ਹਨ ਜਿਵੇਂ ਪੰਜ ਸਦੀਆਂ ਪਹਿਲਾਂ ਕਰਦੇ ਸਨ।



ਰਜਨੀਸ਼ ਓਸ਼ੋ ਇੱਕ ਗੱਲ ਕਹਿੰਦੇ ਸਨ ਕਿ “ਧਰਮ ਉਹ ਨਹੀਂ ਜੋ ਤੈਨੂੰ ਭੀੜ ਵਿੱਚ ਖੜ੍ਹਾ ਕਰੇ, ਧਰਮ ਉਹ ਹੈ ਜੋ ਤੈਨੂੰ ਆਪਣੇ ਆਪ ਨਾਲ ਮਿਲਾ ਦੇਵੇ।” ਇਹੀ ਗੱਲ ਗੁਰੂ ਰਵਿਦਾਸ ਜੀ ਬਹੁਤ ਪਹਿਲਾਂ ਆਪਣੀ ਬਾਣੀ ਰਾਹੀਂ ਕਹਿ ਗਏ ਸਨ। ਉਹਨਾਂ ਨੇ ਕਦੇ ਰਾਜ ਨਹੀਂ ਮੰਗਿਆ, ਕਦੇ ਸਿੰਘਾਸਨ ਨਹੀਂ ਮੰਗਿਆ, ਕਦੇ ਕਿਸੇ ਉੱਤੇ ਹਕੂਮਤ ਨਹੀਂ ਮੰਗੀ। ਉਹਨਾਂ ਨੇ ਸਿਰਫ਼ ਇੱਕ ਅਜਿਹਾ ਮਨੁੱਖ ਮੰਗਿਆ ਜਿਸ ਦੇ ਅੰਦਰ ਹਉਮੈ ਨਾ ਹੋਵੇ, ਭੇਦਭਾਵ ਨਾ ਹੋਵੇ ਅਤੇ ਨਾਮ ਦਾ ਚਾਨਣ ਹੋਵੇ।

ਅੱਜ ਅਸੀਂ “ਬੇਗਮਪੁਰਾ” ਦਾ ਜਾਪ ਤਾਂ ਬਹੁਤ ਕਰਦੇ ਹਾਂ, ਪਰ ਬੇਗਮਪੁਰਾ ਬਣਾਉਣ ਦੀ ਕੋਸ਼ਿਸ਼ ਘੱਟ ਕਰਦੇ ਹਾਂ। ਬੇਗਮਪੁਰਾ ਕੋਈ ਨਕਸ਼ੇ ਉੱਤੇ ਬਣਿਆ ਸ਼ਹਿਰ ਨਹੀਂ। ਇਹ ਮਨ ਦੀ ਉਹ ਅਵਸਥਾ ਹੈ ਜਿੱਥੇ ਨਾ ਡਰ ਹੈ, ਨਾ ਨਫ਼ਰਤ, ਨਾ ਉੱਚ-ਨੀਚ, ਨਾ ਕਿਸੇ ਨੂੰ ਛੋਟਾ ਸਮਝਣ ਦੀ ਬਿਮਾਰੀ। ਜਿੱਥੇ ਮਨੁੱਖ ਦੀ ਪਛਾਣ ਉਸਦੀ ਮਨੁੱਖਤਾ ਨਾਲ ਹੁੰਦੀ ਹੈ, ਨਾ ਕਿ ਜਨਮ, ਜਾਤ ਜਾਂ ਦੌਲਤ ਨਾਲ।

ਅੱਜ ਵੀ ਜੇ ਅਸੀਂ ਆਪਣੇ ਘਰਾਂ, ਗੁਰਦੁਆਰਿਆਂ, ਡੇਰਿਆਂ ਅਤੇ ਸਮਾਜ ਵਿੱਚ ਨਫ਼ਰਤ, ਧੜੇਬੰਦੀ, ਹਉਮੈ ਅਤੇ ਵਿਤਕਰਾ ਪਾਲਦੇ ਹਾਂ ਤਾਂ ਸੱਚ ਮੰਨਿਓ, ਅਸੀਂ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਤਾਂ ਮਨਾ ਸਕਦੇ ਹਾਂ, ਪਰ ਉਹਨਾਂ ਦਾ ਸੰਦੇਸ਼ ਨਹੀਂ ਜੀ ਸਕਦੇ।

ਦੁਆਬੇ ਦੀ ਇੱਕ ਹੋਰ ਕਹਾਵਤ ਹੈ—”ਖੇਤ ਵਿੱਚ ਕਣਕ ਬੀਜ ਕੇ ਬੰਦਾ ਚੌਲ ਨਹੀਂ ਵੱਢ ਸਕਦਾ।” ਜੇ ਅਸੀਂ ਮਨ ਵਿੱਚ ਹੰਕਾਰ, ਈਰਖਾ ਅਤੇ ਵੈਰ ਬੀਜਾਂਗੇ ਤਾਂ ਪਿਆਰ ਅਤੇ ਸ਼ਾਂਤੀ ਕਦੇ ਨਹੀਂ ਉੱਗ ਸਕਦੇ। ਗੁਰੂ ਰਵਿਦਾਸ ਜੀ ਨੇ ਸਾਰੀ ਉਮਰ ਮਨੁੱਖ ਨੂੰ ਬਾਹਰਲੀ ਲੜਾਈ ਨਹੀਂ, ਅੰਦਰਲੀ ਲੜਾਈ ਜਿੱਤਣ ਲਈ ਪ੍ਰੇਰਿਆ। ਜਿਹੜਾ ਆਪਣੇ ਅੰਦਰ ਦੇ ਕ੍ਰੋਧ, ਲਾਲਚ ਅਤੇ ਹਉਮੈ ਨੂੰ ਹਰਾ ਲੈਂਦਾ ਹੈ, ਉਹੀ ਅਸਲ ਜੇਤੂ ਹੈ।

ਅੱਜ ਦੁਨੀਆ ਚੰਦਰਮਾ ‘ਤੇ ਪਹੁੰਚ ਗਈ ਹੈ, ਵਿਗਿਆਨ ਨੇ ਅਸਮਾਨ ਛੂਹ ਲਿਆ ਹੈ, ਪਰ ਮਨੁੱਖ ਅਜੇ ਵੀ ਮਨੁੱਖ ਤੋਂ ਡਰਦਾ ਹੈ। ਜਾਤ ਦੇ ਨਾਮ ‘ਤੇ, ਧਰਮ ਦੇ ਨਾਮ ‘ਤੇ, ਰੰਗ ਦੇ ਨਾਮ ‘ਤੇ ਅਤੇ ਵਿਚਾਰਾਂ ਦੇ ਨਾਮ ‘ਤੇ ਕੰਧਾਂ ਖੜ੍ਹੀਆਂ ਕੀਤੀਆਂ ਜਾ ਰਹੀਆਂ ਹਨ।

ਗੁਰੂ ਰਵਿਦਾਸ ਜੀ ਇਨ੍ਹਾਂ ਸਾਰੀਆਂ ਕੰਧਾਂ ਨੂੰ ਢਾਹੁਣ ਆਏ ਸਨ। ਉਹਨਾਂ ਦੀ ਬਾਣੀ ਸਾਨੂੰ ਦੱਸਦੀ ਹੈ ਕਿ ਪ੍ਰਭੂ ਤੱਕ ਜਾਣ ਵਾਲਾ ਰਾਹ ਕਿਸੇ ਇੱਕ ਵਰਗ ਲਈ ਨਹੀਂ, ਹਰ ਮਨੁੱਖ ਲਈ ਖੁੱਲ੍ਹਾ ਹੈ।

ਅੱਜ ਜਦੋਂ ਪੰਜਾਬ ਸਰਕਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਵੱਖ-ਵੱਖ ਯੂਨੀਵਰਸਿਟੀਆਂ, ਸਮਾਜਿਕ ਸੰਸਥਾਵਾਂ ਅਤੇ ਅਨੇਕਾਂ ਧਾਰਮਿਕ ਕੇਂਦਰ ਗੁਰੂ ਸਾਹਿਬ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸ਼ਾਨ ਨਾਲ ਮਨਾ ਰਹੇ ਹਨ, ਤਾਂ ਇਹ ਸਮਾਗਮ ਸਿਰਫ਼ ਸਟੇਜਾਂ ਤੱਕ ਸੀਮਿਤ ਨਹੀਂ ਰਹਿਣੇ ਚਾਹੀਦੇ।

ਅਸਲ ਸਮਾਗਮ ਉਦੋਂ ਹੋਵੇਗਾ ਜਦੋਂ ਇੱਕ ਮਨੁੱਖ ਦੂਜੇ ਮਨੁੱਖ ਨੂੰ ਗਲੇ ਲਗਾਵੇਗਾ, ਜਦੋਂ ਕਿਸੇ ਗਰੀਬ ਦਾ ਸਤਿਕਾਰ ਹੋਵੇਗਾ, ਜਦੋਂ ਕਿਸੇ ਨਾਲ ਵਿਤਕਰਾ ਨਹੀਂ ਹੋਵੇਗਾ ਅਤੇ ਜਦੋਂ ਸਾਡੀ ਬੋਲੀ ਵਿੱਚ ਮਿੱਠਾਸ ਅਤੇ ਵਿਹਾਰ ਵਿੱਚ ਨਿਮਰਤਾ ਆਵੇਗੀ।


ਧਰਮ ਦਾ ਅਰਥ ਸਿਰਫ਼ ਮੱਥਾ ਟੇਕਣਾ ਨਹੀਂ, ਸਗੋਂ ਆਪਣਾ ਸਿਰ ਹਉਮੈ ਤੋਂ ਖਾਲੀ ਕਰਨਾ ਹੈ। ਅਰਦਾਸ ਦਾ ਅਰਥ ਸਿਰਫ਼ ਹੱਥ ਜੋੜਨਾ ਨਹੀਂ, ਸਗੋਂ ਦਿਲ ਖੋਲ੍ਹਣਾ ਹੈ। ਸੇਵਾ ਦਾ ਅਰਥ ਸਿਰਫ਼ ਲੰਗਰ ਵਰਤਾਉਣਾ ਨਹੀਂ, ਸਗੋਂ ਕਿਸੇ ਦੇ ਅੱਥਰੂ ਪੂੰਝਣਾ ਵੀ ਹੈ। ਇਹੀ ਗੁਰੂ ਰਵਿਦਾਸ ਜੀ ਦੀ ਬਾਣੀ ਦਾ ਨਿਚੋੜ ਹੈ।

ਅੱਜ ਲੋੜ ਇਸ ਗੱਲ ਦੀ ਨਹੀਂ ਕਿ ਅਸੀਂ ਗੁਰੂ ਰਵਿਦਾਸ ਜੀ ਦੇ ਨਾਮ ਉੱਤੇ ਸਭ ਤੋਂ ਵੱਡਾ ਸਮਾਗਮ ਕਰੀਏ। ਲੋੜ ਇਸ ਗੱਲ ਦੀ ਹੈ ਕਿ ਅਸੀਂ ਉਹਨਾਂ ਦੇ ਵਿਚਾਰਾਂ ਨੂੰ ਆਪਣੇ ਘਰਾਂ, ਆਪਣੇ ਬੱਚਿਆਂ ਅਤੇ ਆਪਣੇ ਵਿਹਾਰ ਵਿੱਚ ਉਤਾਰੀਏ। ਕਿਉਂਕਿ ਇਤਿਹਾਸ ਉਹਨਾਂ ਨੂੰ ਯਾਦ ਨਹੀਂ ਰੱਖਦਾ ਜਿਨ੍ਹਾਂ ਨੇ ਸਭ ਤੋਂ ਉੱਚਾ ਮੰਚ ਬਣਾਇਆ ਸੀ; ਇਤਿਹਾਸ ਉਹਨਾਂ ਨੂੰ ਯਾਦ ਰੱਖਦਾ ਹੈ ਜਿਨ੍ਹਾਂ ਨੇ ਮਨੁੱਖ ਦੇ ਅੰਦਰ ਰੌਸ਼ਨੀ ਜਗਾਈ ਸੀ।

ਆਓ, ਇਸ 650ਵੇਂ ਪ੍ਰਕਾਸ਼ ਪੁਰਬ ਮੌਕੇ ਅਸੀਂ ਸਿਰਫ਼ ਦੀਵੇ ਨਾ ਜਗਾਈਏ, ਆਪਣੇ ਅੰਦਰ ਦੀ ਹਉਮੈ ਨੂੰ ਵੀ ਬੁਝਾਈਏ। ਸਿਰਫ਼ ਨਗਰ ਕੀਰਤਨਾਂ ਵਿੱਚ ਨਾ ਚੱਲੀਏ, ਗੁਰੂ ਰਵਿਦਾਸ ਜੀ ਦੇ ਵਿਚਾਰਾਂ ਦੇ ਰਾਹ ‘ਤੇ ਵੀ ਚੱਲੀਏ। ਸਿਰਫ਼ ਜੈਕਾਰੇ ਨਾ ਲਾਈਏ, ਸਗੋਂ ਉਹ ਸਮਾਜ ਵੀ ਬਣਾਈਏ ਜਿਸਦਾ ਸੁਪਨਾ ਗੁਰੂ ਸਾਹਿਬ ਨੇ “ਬੇਗਮਪੁਰਾ” ਦੇ ਰੂਪ ਵਿੱਚ ਵੇਖਿਆ ਸੀ।

ਇਹੀ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ, ਇਹੀ ਉਹਨਾਂ ਦੀ ਬਾਣੀ ਦਾ ਸਤਿਕਾਰ ਹੋਵੇਗਾ ਅਤੇ ਇਹੀ ਮਨੁੱਖਤਾ ਦੀ ਸਭ ਤੋਂ ਵੱਡੀ ਜਿੱਤ ਹੋਵੇਗੀ।

## ਸੁਰਤਿ ਦਾ ਵਰਖਾ ਰੁੱਤ ਅੰਕ ਮਿਲਿਆਃ ਕਮਾਲ ਹੈ ਮਿੱਤਰੋ ਮਿਹਨਤ ਵਾਲੀ




ਅੰਮ੍ਰਿਤਸਰ ਤੋਂ ਛਪਦੇ ਸਾਹਿੱਤਕ ਚੌਮਾਸਿਕ ਪੱਤਰ “ਸੁਰਤਿ” ਦਾ ਵਰਖਾ ਰੁੱਤ ਅੰਕ ਜਦ ਕੱਲ੍ਹ ਦੁਪਹਿਰੇ ਡਾਕ ਰਾਹੀਂ ਮਿਲਿਆ ਤਾਂ ਪੰਜਾਬੀ ਸ਼ਾਇਰ ਦਰਸ਼ਨ ਬੁੱਟਰ ਮੇਰੇ ਕੋਲ ਬੈਠਾ ਸੀ। ਭਾਸ਼ਾ ਵਿਭਾਗ ਦੇ ਪੁਰਸਕਾਰਾਂ ਵਾਲੀ ਤਰੀਕ ਭੁਗਤ ਕੇ ਕਚਹਿਰੀਉਂ।

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

ਮੈਂ ਕਹਿ ਰਿਹਾ ਸੀ ਉਸਨੂੰ ਕਿ

“ਤੇਰੇ ਯਾਰ ਦੀਆਂ ਨਾਭੇ ਪੈਣ ਤਰੀਕਾਂ”

ਤਾਂ ਸੁਣਿਆ ਸੀ ਪਰ ਉਲਟੇ ਬਾਂਸ ਲੁਧਿਆਣੇ ਨੂੰ ਕਿਵੇਂ?ਉਹ ਕਹਿ ਰਿਹਾ ਸੀ ਬਈ “ਇਸ ਬਹਾਨੇ ਹਰ ਵਾਰ ਮਿੱਤਰਾਂ ਨੂੰ ਮਿਲ ਲਈਦਾ ਹੈ।” ਕੇਵਲ ਧਾਲੀਵਾਲ ਵੀ ਆਇਆ ਸੀ ਤਰੀਕ ਤੇ। ਪੰਜ ਸਾਲ ਪਹਿਲਾਂ ਪੁਰਸਕਾਰ ਦੇਣ ਵਾਲੀ ਕਮੇਟੀ ਵਿੱਚ ਹੋਣ ਕਾਰਨ। ਪਿਛਲੇ ਦਸ ਸਾਲਾਂ ਦੇ ਪੁਰਸਕਾਰ ਇਸ ਕਾਰਨ ਨਹੀਂ ਮਿਲ ਰਹੇ। ਕੁਝ ਇਨਾਮ ਜੇਤੂ ਤਾਂ ਚੜ੍ਹਾਈ ਕਰ ਗਏ, ਕੁਝ ਤਿਆਰ ਬੈਠੇ ਨੇ।

ਦਰਸ਼ਨ ਬੁੱਟਰ ਨਾਲ ਬਹਿ ਕੇ ਪਤਾ ਲੱਗਦਾ ਹੈ ਕਿ ਨਿੱਕੀਆਂ ਕਵਿਤਾਵਾਂ ਦੇ ਵੀ ਵੱਡੇ ਅਰਥ ਹੋ ਸਕਦੇ ਨੇ। ਲਗਪਗ ਤਿੰਨ ਘੰਟੇ ਉਸ ਦੀ ਨਵੀਂ ਕਾਵਿ ਕਿਤਾਬ ਦਾ ਮਸੌਦਾ ਵਿਚਾਰਿਆ। ਬਹੁਤ ਕੁਝ ਸੱਜਰਾ ਸੱਜਰਾ। ਉਡੀਕ ਰਹੇਗੀ ਨਵੀਂ ਨਵੇਲੀ ਕਿਤਾਬ ਦੀ।

“ਸੁਰਤਿ” ਦਾ ਨਵਾਂ ਅੰਕ ਅਜੇ ਫੋਲ ਹੀ ਰਹੇ ਸਾਂ ਤਾਂ ਸੁਰਤਿ ਦੇ ਸੰਪਾਦਕ ਡਾ. ਗੁਰਬੀਰ ਬਰਾੜ ਦਾ ਫੋਨ ਆ ਗਿਆ।
ਸੁਨੇਹਾ ਸੀ ਡਾ. ਸ ਸ ਜੌਹਲ ਸਾਹਿਬ ਨੂੰ ਪਰਚਾ ਆਪ ਦੇ ਕੇ ਆਇਉ! ਉਨ੍ਹਾਂ ਬਾਰੇ ਤੀਹ ਚਾਲ਼ੀ ਸਫਿਆਂ ਦਾ ਮੈਟਰ ਹੈ। ਪ੍ਰਿੰਸੀਪਲ ਸਰਵਣ ਸਿੰਘ ਤੇ ਸਾਂਵਲ ਧਾਮੀ ਦਾ ਲਿਖਿਆ ਲਿਖਾਇਆ।

ਇੱਕ ਇੱਕ ਕਾਪੀ ਲੋਚੀ ਤੇ ਮਨਜਿੰਦਰ ਨੂੰ ਦੇ ਦੇਣਾ। ਉਨ੍ਹਾਂ ਦੀਆਂ ਇਸ ਵਿੱਚ ਗ਼ਜ਼ਲਾਂ ਨੇ।

ਮੈਂ ਕਿਹਾ, ਬੁੱਟਰ ਨੂੰ ਦੇ ਦਿਆਂ ਪਰਚਾ।

ਉਸ ਕਿਹਾ ਕਿ ਨਾ ਦਿਉ, ਇਹ ਕਿੰਨੀ ਵਾਰ ਕਹਿਣ ਤੇ ਵੀ ਕਵਿਤਾਵਾਂ ਨਹੀਂ ਭੇਜਦਾ।

ਫਿਰ ਬੋਲਿਆ,

ਚਲੋ! ਦੇ ਦਿਉ, ਫਿਰ ਵੀ ਆਪਣਾ ਪ੍ਰਧਾਨ ਹੈ।

ਪਰਚੇ ਵਿੱਚ ਬਹੁਤ ਕੁਝ ਨਵਾਂ ਨਵੇਲਾ ਹੈ। ਪਰਵੇਜ਼ ਸੰਧੂ ਦੀ ਕਹਾਣੀ ਹੈ” ਇੱਕ ਜੋੜੀ ਉਕਾਬਾਂ ਦੀ”। ਤ੍ਰਿਪਤਾ ਕੇ ਸਿੰਘ, ਸਰਘੀ, ਅਜਮੇਰ ਰੋਡੇ, ਅਲੀ ਉਸਮਾਨ ਬਾਜਵਾ, ਜਿੰਦਰ ਤੇ ਨਵੇਂ ਕਹਾਣੀਕਾਰ ਸਰਬਾਜ਼ ਦੀਆਂ ਵੀ ਕਹਾਣੀਆਂ ਨੇ।

ਧੁੱਪ ਦਰਿਆ ਦੀ ਦੋਸਤੀ ਨਾਵਲ ਦੇ ਸਿਰਜਕ ਤੇ ਕਹਾਣੀਕਾਰ ਵੀ ਡਾ. ਜਗਜੀਤ ਬਰਾੜ ਦਾ ਲੇਖ ਹੈ ਅਮਰੀਕੀ ਪੰਜਾਬੀ ਕਹਾਣੀ ਬਾਰੇ।

ਡਾ. ਬਰਾੜ ਅਮਰੀਕਾ ਵੱਸਦੇ ਨੇ। ਪੀ ਏ ਯੂ ਲੁਧਿਆਣਾ ਦੇ ਬਹੁਤ ਚਿਰ ਪਹਿਲਾਂ ਵਿਦਿਆਰਥੀ ਸਨ। ਡਾ. ਰਣਧੀਰ ਸਿੰਘ ਚੰਦ ਮੂੰਹੋਂ ਪਹਿਲੀ ਵਾਰ ਡਾ. ਬਰਾੜ ਦਾ ਨਾਮ ਸੁਣਿਆ ਸੀ ਤੇ ਡਾ. ਸ ਪ ਸਿੰਘ ਕੋਲੋਂ ਲੈ ਕੇ ਨਾਵਲ ਪੜ੍ਹਿਆ ਸੀ ਪੰਜਾਹ ਸਾਲ ਪਹਿਲਾਂ।

ਇਸ ਅੰਕ ਵਿੱਚ ਬਲਦੇਵ ਧਾਲੀਵਾਲ ਨੇ ਸੁਖਜੀਤ ਦੀਆਂ ਕਹਾਣੀਆਂ ਬਾਰੇ, ਬਲਦੇਵ ਸਿੰਘ ਮੋਗਾ ਨੇ ਢਾਹਾਂ ਪੁਰਸਕਾਰ ਵੇਲੇ ਮਿਲੇ ਆਦਰ ਤੇ ਖਿੱਚ ਧੂਹ ਦਾ ਜੀਵੰਤ ਜ਼ਿਕਰ ਕੀਤੈ। ਬੂਟਾ ਸਿੰਘ ਚੌਹਾਨ ਕੇ ਸੁਰਿੰਦਰ ਦਾਊਮਾਜਰਾ ਵੀ ਹਾਜ਼ਰ ਨੇ। ਗੌਰੀ ਗਿੱਲ ਦੀਆਂ ਖਿੱਚੀਆਂ ਸਿਰਜਣਾਤਮਕ ਤਸਵੀਰਾਂ ਦਾ ਰੰਗ ਨਵੇਲਾ ਹੈ।

ਪਰਵੇਜ਼ ਸੰਧੂ ਦੀ ਨਵੀਂ ਕਹਾਣੀ ਕਿਤਾਬ “ਪਰ ਹੀਣ ਪਰਿੰਦੇ” ਬਾਰੇ ਡਾ. ਹਰਿਭਜਨ ਸਿੰਘ ਭਾਟੀਆ ਦੀ ਵਿਸ਼ਾਲ ਪਰਤਾਂ ਫੋਲਦਾ ਰੀਵੀਉ ਹੈ। ਵਰਿਆਮ ਸਿੰਘ ਸੰਧੂ, ਜਸਵੰਤ ਦੀਦ ਤੇ ਹਰਕੀਰਤ ਕੌਰ ਚਾਹਲ ਦੀਆਂ ਨਵੀਆਂ ਕਿਤਾਬਾਂ ਦੇ ਮੁਲਾਂਕਣ ਨੇ। ਪ੍ਰਵਾਸ ਦੇ ਦੂਹਰੇ ਦਬਾਅ ਹੇਠ ਪੰਜਾਬ ਬਾਰੇ ਡਾ. ਗੁਰਮੁਖ ਸਿੰਘ ਤੇ ਡਾ, ਗੁਰਪ੍ਰੀਤ ਦੇ ਨਾਲ ਹੀ ਡਾ. ਪਰਮਜੀਤ ਢੀਂਗਰਾ, ਜਸਬੀਰ ਭੁੱਲਰ, ਡਾ. ਪ੍ਰੇਮ ਸਿੰਘ ਮਾਨ, ਗੁਰਬਚਨ,ਡਾ. ਗੁਰਉਪਦੇਸ਼ ਸਿੰਘ, ਪ੍ਰੋ. ਪ੍ਰੀਤਮ ਸਿੰਘ ਔਕਸਫੋਰਡ, ਲਲਿਤ ਕੁਮਾਰ ,ਮਨਜੀਤ ਪੁਰੀ, ਸੁਕੀਰਤ, ਗੁਰਪ੍ਰੀਤ ਮਾਨਸਾ ਤੇ ਹ ਸ ਡਿੰਪਲ ਦੀਆਂ ਲਿਖਤਾਂ ਵੀ ਨੇ। ਸਤਲੁਜ ਫਿਲਮ ਬਾਰੇ ਡਾ. ਗੁਰਮੁਖ ਸਿੰਘ ਦਾ ਲੇਖ ਵਿਸ਼ੇਸ਼ ਰੂਪ ਵਿੱਚ ਪੇਸ਼ ਪੇਸ਼ ਹੈ। ਟਾਂਗੇ ਤੇ ਬਾਂਸ ਤੇ ਬੈਠੀ ਸਵਾਰੀ ਵਾਂਗ ਮੈਂ ਵੀ ਪਰਚੇ ਵਿੱਚ ਹਾਜ਼ਰ ਹਾਂ। ਸੁਖਬੀਰ ਸਿੰਘ ਸੰਧੂ ਤੇ ਉਸ ਦੀ 53 ਸਾਲ ਪਰਿਲਾਂ ਛਪੀ ਗ਼ਜ਼ਲ ਪੁਸਤਕ “ਪਾਇਲ” ਦੇ ਪੁਨਰ ਪ੍ਰਕਾਸ਼ਨ ਹਵਾਲੇ ਨਾਲ।

ਇਹ ਓਹੀ ਸੁਖਬੀਰ ਹੈ ਜਿਸ ਦੀ ਗ਼ਜ਼ਲ ਤਰਵੰਜਾ

ਉਸ ਬੇ-ਵਫ਼ਾ ਦੀ ਯਾਦ ਵਿਚ, ਰੋਇਆ ਕਰਾਂ ਕਿ ਨਾ।
ਬੀਤੇ ਦਿਨਾਂ ਦੀ ਫੇਰ ਤਮੰਨਾ ਕਰਾਂ ਕਿ ਨਾ।

ਸੁਣਿਆ ਹੈ ਰਾਤ ਗ਼ੈਰ ਨੂੰ ਸੁਪਨੇ ਚ ਮਿਲੇ ਹੋ,
ਦੱਸੋ ਤੁਸੀਂ ਹੀ ਏਸ ਦਾ ਸ਼ਿਕਵਾ ਕਰਾਂ ਕਿ ਨਾ।

ਮੈਨੂੰ ਤੇਰੀ ਉਡੀਕ ਹੈ, ਮੇਰੀ ਹੈ ਮੌਤ ਨੂੰ,
ਕਹਿ ਦੇ ਜ਼ਰਾ ਕਿ ਜਾਣ ਦਾ ਵਾਅਦਾ ਕਰਾਂ ਕਿ ਨਾ ।

ਇਹ ਸੋਚਦਾ ਹੀ ਸੋਚਦਾ ਕਾਅਬੇ ਤੋਂ ਮੁੜ ਪਿਆ,
ਤੇਰੀ ਦਲੀਜ਼ ਤੋਂ ਬਿਨਾਂ ਸਜਦਾ ਕਰਾਂ ਕਿ ਨਾ।

ਉਹ ਗੱਲ ਮੇਰੇ ਪਿਆਰ ਦੀ ਲੋਕਾਂ ਨੇ ਜਾਣ ਲਈ,
ਮੈਂ ਸਾਂ ਅਜੇ ਵਿਚਾਰਦਾ ਚਰਚਾ ਕਰਾਂ ਕਿ ਨਾ।

ਨੂੰ ਨੁਸਰਤ ਫਤਹਿ ਅਲੀ ਖਾਂ, ਮਰਾਤਬ ਅਲੀ, ਨਸੀਬੋ ਲਾਲ ਤੇ ਅਕਰਮ ਰਾਹੀ ਸਮੇਤ ਸੈਂਕੜੇ ਗਾਇਕ ਗਾਉਂਦੇ ਹਨ ਬੇਨਾਮ ਸ਼ਾਇਰੀ ਰਚਨਾ ਕਹਿ ਕੇ। ਕਈ ਏਧਰਲੇ ਅਨਪੜ੍ਹ ਇਹ ਗ਼ਜ਼ਲ ਸ਼ਿਵ ਕੁਮਾਰ ਦੇ ਖਾਤੇ ਵਿੱਚ ਵੀ ਪਾਉਂਦੇ ਨੇ। ਵਿਚਾਰੇ।

ਕਵੀ ਵੀ ਬਹੁਤ ਹਨ। ਅਫ਼ਜ਼ਲ ਸਾਹਿਰ, ਕੁਲਵਿੰਦਰ, ਤ੍ਰੈਲੋਚਨ ਲੋਚੀ, ਮਨਜਿੰਦਰ ਧਨੋਆ,ਸਤੀਸ਼ ਗੁਲਾਟੀ, ਗੁਰਤੇਜ ਕੋਹਾਰਵਾਲਾ, ਹਰਜਿੰਦਰ ਕੰਗ ਗ਼ਜ਼ਲਾਂ ਸਮੇਤ।

ਆਜ਼ਾਦ ਨਜ਼ਮ ਦੇ ਸ਼ਾਇਰ ਨਵਤੇਜ ਭਾਰਤੀ, ਪਰਮਿੰਦਰ ਸੋਢੀ, ਅਮਰਜੀਤ ਗਰੇਵਾਲ, ਸਵਰਨਜੀਤ ਸਵੀ, ਜਗਤਾਰ ਢਾਅ, ਦਰਸ਼ਨ ਬੁਲੰਦਵੀ, ਸੁਰਿੰਦਰ ਗੀਤ, ਅਮਰਜੀਤ ਕੌਂਕੇ, ਹਰਮੀਤ ਵਿਦਿਆਰਥੀ, ਅਜੈ ਤਨਵੀਰ, ਡਾ. ਲਖਵਿੰਦਰ ਸਿੰਘ ਗਿੱਲ, ਸੰਦੀਪ ਜਸਵਾਲ, ਸੁਖਵਿੰਦਰ। ਰਾਜਵਿੰਦਰ ਬਰਾੜ ਤੇ ਸੰਦੀਪ ਚੌਹਾਨ ਵੀ।

ਨਿਰਲੇਪ ਸਿੰਘ ਨੇ ਸੁਰਖ਼ਾਬ ਦੀ ਪਲੇਠੀ ਕਾਵਿ ਕਿਤਾਬ “ ਵੈਤਰਣੀ” ਸੰਗ ਵਿਚਰਦਿਆਂ ਲਿਖਿਆ ਹੈ। ਚਸ਼ਮੇ ਬਦ ਦੂਰ।